ਜਮਾਤ: ਬੀ.ਏ. ਭਾਗ ਦੂਜਾ (ਸਮੈਸਟਰ ਤੀਜਾ)

ਸੈਸ਼ਨ: 2025-26 ਅਤੇ 2026-27

ਪੇਪਰ: ਪੰਜਾਬੀ ਲਾਜ਼ਮੀ

ਪੇਪਰ ਕੋਡ: BA322

ਕੁੱਲ ਅੰਕ : 100
ਅੰਦਰੂਨੀ ਮੁਲਾਂਕਣ : 30 ਅੰਕ
ਬਾਹਰੀ ਪਰੀਖਿਆ: 70 ਅੰਕ
ਕੁੱਲ ਕ੍ਰੈਡਿਟ: 04

ਵਿਸ਼ੇ ਵਿਚੋਂ ਪਾਸ ਹੋਣ ਲਈ ਅੰਕ : 35%
ਅਧਿਆਪਨ: 6 ਪੀਰੀਅਡ ਪ੍ਰਤੀ ਹਫਤਾ
ਸਮਾਂ : 3 ਘੰਟੇ

## ਪਾਠਕ੍ਰਮ ਅਤੇ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

### ਭਾਗ-ੳ

ੳ-1: ਨਾਵਲ ਕੀ ਹੁੰਦਾ ਹੈ? ਨਾਵਲ ਦਾ ਸਰੂਪ, ਨਾਵਲ ਅਤੇ ਕਹਾਣੀ ਵਿਚ ਅੰਤਰ

ੳ-2: ਨਾਵਲ: ਰੋਹੀ ਬੀਆਬਾਨ (ਕਰਮਜੀਤ ਸਿੰਘ ਕੁੱਸਾ),

ਨੋਟ: ਵਿਦਿਆਰਥੀ ਨੂੰ ਨਾਵਲ ਪੜ੍ਹਨ ਲਈ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਨਾਵਲ ਬਾਰੇ ਉਸ ਨੂੰ ਆਪਣੀ ਰਾਇ ਬਣਾਉਣ ਅਤੇ ਪਾਠਕੀ ਹੁੰਗਾਰੇ ਨੂੰ ਦਰਜ ਕਰਨਾ ਸਿਖਾਇਆ ਜਾਵੇਗਾ।

### ਭਾਗ-ਅ

ਅ-1: ਪੰਜਾਬੀ ਪੱਤਰਕਾਰੀ:

ੳ) ਵਿਸ਼ੇਸ਼ ਅਖ਼ਬਾਰੀ ਰਿਪੋਰਟ ਅ) ਫ਼ੀਚਰ ਲੇਖਣ ੲ) ਇਸ਼ਤਿਹਾਰ ਲੇਖਣ ਸ) ਇਸ਼ਤਿਹਾਰੀ ਖ਼ਬਰ: ਸੰਕਲਪ ਅਤੇ ਅਭਿਆਸ

(ਇਸ ਖੰਡ ਦੇ ਆਧਾਰ 'ਤੇ ਵਿਦਿਆਰਥੀ ਤੋਂ ਇੱਕ ਅਭਿਆਸ-ਪੁਸਤਕ ਤਿਆਰ ਕਰਵਾਈ ਜਾਵੇਗੀ। ਉਸ ਵਿਚ ਵਿਦਿਆਰਥੀ ਕੁਲ 20 ਪੰਨੇ ਦੀਆਂ ਵਿਸ਼ੇਸ਼ ਅਖ਼ਬਾਰੀ ਰਿਪੋਰਟਾਂ, ਨਿਊਜ਼ ਫ਼ੀਚਰ, ਇਸ਼ਤਿਹਾਰ ਅਤੇ ਇਸ਼ਤਿਹਾਰੀ ਖ਼ਬਰਾਂ ਤਿਆਰ ਕਰੇਗਾ। ਹਰ ਵੰਨਗੀ ਦੀਆਂ ਘੱਟ ਤੋਂ ਘੱਟ ਦੋ ਲਿਖਤਾਂ ਜ਼ਰੂਰ ਸ਼ਾਮਿਲ ਕੀਤੀਆਂ ਜਾਣਗੀਆਂ। ਅੰਦਰੂਨੀ ਮੁਲਾਂਕਣ ਵਿਚ ਅਸਾਈਨਮੈਂਟ ਦੇ ਨੰਬਰ ਇਸ ਅਭਿਆਸ ਪੁਸਤਕ ਦੇ ਆਧਾਰ 'ਤੇ ਦਿੱਤੇ ਜਾਣਗੇ)

ਅ-2 ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਨਾਲ ਜਾਣ-ਪਛਾਣ:

ੳ) ਪੰਜਾਬੀ ਭਾਸ਼ਾ ਦਾ ਇਤਿਹਾਸ ਅਤੇ ਇਲਾਕਾਈ ਵੰਨਗੀਆਂ

ਅ) ਗੁਰਮੁਖੀ ਲਿੱਪੀ ਦਾ ਇਤਿਹਾਸ ਅਤੇ ਗੁਰਮੁਖੀ ਆਰਥੋਗਰਾਫ਼ੀ

ੲ) ਪੰਜਾਬੀ ਧੁਨੀ ਵਿਉਂਤ: ਸਵਰ, ਵਿਅੰਜਨ, ਖੰਡੀ ਅਤੇ ਅਖੰਡੀ ਧੁਨੀਆਂ

ਭਾਗ-ੲ

ਪਾਠਕ੍ਰਮ ਦੇ ਭਾਗ ੳ ਅਤੇ ਅ ਵਿਚੋਂ ਸੰਖੇਪ ਉਤਰਾਂ ਵਾਲੇ 11 ਪ੍ਰਸ਼ਨ।

ਅੰਕ-ਵੰਡ ਅਤੇ ਪੇਪਰ ਸੈੱਟਰ ਲਈ ਹਦਾਇਤਾਂ:

1. ਪਾਠਕ੍ਰਮ ਦੇ ਦੋ ਭਾਗ ੳ ਅਤੇ ਅ ਹਨ ਪਰ ਪ੍ਰਸ਼ਨ ਪੱਤਰ ਦੇ ਤਿੰਨ ਭਾਗ ੳ, ਅ ਅਤੇ ੲ ਹੋਣਗੇ।

2. ਭਾਗ ੳ-1) ਵਿਚੋਂ 2 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਇੱਕ ਪ੍ਰਸ਼ਨ ਦਾ ਉੱਤਰ ਦੇਵੇਗਾ। ਇਹ ਪ੍ਰਸ਼ਨ ਦਿੱਤੇ ਗਏ ਗਲਪ ਰੂਪਾਂ ਦੇ ਸਰੂਪ, ਤੱਤਾਂ ਬਾਰੇ ਜਾਂ ਇਨ੍ਹਾਂ ਵਿਚਕਾਰ ਸਮਾਨਤਾਵਾਂ ਜਾਂ ਅੰਤਰਾਂ ਬਾਰੇ ਹੋਣਗੇ। 12 ਅੰਕ

3. ਭਾਗ ੳ-2 ਵਿੱਚੋਂ ਦੋ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਨੇ ਇੱਕ ਦਾ ਉੱਤਰ ਦੇਣਾ ਹੋਵੇਗਾ। ਨਾਵਲ ਬਾਰੇ ਪਾਠਕੀ ਹੁੰਗਾਰਾ, ਨਾਵਲ ਬਾਰੇ ਵਿਦਿਆਰਥੀ ਦੇ ਪ੍ਰਭਾਵ, ਨਾਵਲ ਦੇ ਮੰਤਵ ਅਤੇ ਜੀਵਨ ਨੂੰ ਸਮਝਣ ਵਿਚ ਨਾਵਲ ਦੇ ਮਹੱਤਵ ਬਾਰੇ ਪ੍ਰਸ਼ਨ ਪੁੱਛਿਆ ਜਾ ਸਕਦਾ ਹੈ। ਇਸ ਭਾਗ ਵਿਚ ਪਾਤਰਾਂ ਬਾਰੇ ਵੀ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਨਾਵਲ ਦੇ ਵਿਸ਼ੇ-ਵਸਤੂ, ਵਿਚਾਰਧਾਰਾ ਸਮਕਾਲੀ ਜੀਵਨ ਵਿਚ ਨਾਵਲ ਦੇ ਵਿਸ਼ੇ ਦੇ ਮਹੱਤਵ, ਪਾਤਰਾਂ ਦੀ ਘਾੜਤ, ਮਨਪਸੰਦ ਪਾਤਰ, ਪਾਤਰਾਂ ਦੇ ਸੁਭਾਅ ਦਾ ਵਿਸ਼ਲੇਸ਼ਣ ਕਰਨ ਲਈ ਕਿਹਾ ਜਾ ਸਕਦਾ ਹੈ। ਪ੍ਰਸ਼ਨ ਪੱਤਰ ਬਣਾਉਣ ਲੱਗਿਆਂ ਧਿਆਨ ਰੱਖਿਆ ਜਾਵੇ ਕਿ ਵਿਦਿਆਰਥੀ ਦੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਨੂੰ ਉਤਸ਼ਾਹਿਤ ਕੀਤਾ ਜਾਵੇ।
12 ਅੰਕ

4. ਭਾਗ ਅ-1 ਵਿਚ ਦਰਜ ਪੱਤਰਕਾਰੀ ਰੂਪਾਂ ਦੀ ਪਰਿਭਾਸ਼ਾ ਸਰੂਪ, ਪ੍ਰਕਾਰਜ ਅਤੇ ਮਹੱਤਵ ਦੇ ਨਾਲ-ਨਾਲ ਇਨ੍ਹਾਂ ਰੂਪਾਂ ਦੇ ਆਪਸੀ ਨਿਖੇੜੇ ਬਾਰੇ ਪ੍ਰਸ਼ਨ ਪੁੱਛੇ ਜਾ ਸਕਦੇ ਹਨ। ਇਸ ਭਾਗ ਵਿਚੋਂ ਕੁਲ 4 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਨੇ 2 ਪ੍ਰਸ਼ਨਾਂ ਦਾ ਉੱਤਰ ਇੱਕ-ਡੇਢ ਪੰਨੇ ਵਿਚ ਦੇਣਾ ਹੋਵੇਗਾ। 02x6=12 ਅੰਕ

5. ਭਾਗ ਅ-2 ਵਿਚੋਂ ਵੀ 5 ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿਚੋਂ ਵਿਦਿਆਰਥੀ ਨੇ 3 ਪ੍ਰਸ਼ਨਾਂ ਦਾ ਉੱਤਰ ਇੱਕ-ਡੇਢ ਪੰਨੇ ਵਿਚ ਦੇਣਾ ਹੋਵੇਗਾ। 03x4=12 ਅੰਕ

6. ਪ੍ਰਸ਼ਨ ਪੱਤਰ ਦੇ ਭਾਗ ੲ ਵਿਚ ਪਾਠਕ੍ਰਮ ਦੇ ਭਾਗ ੳ ਅਤੇ ਅ ਵਿਚੋਂ 11 ਪ੍ਰਸ਼ਨ ਪੁੱਛੇ ਜਾਣਗੇ, ਵਿਦਿਆਰਥੀ ਨੇ ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ 5-6 ਸਤਰਾਂ ਵਿਚ ਦੇਣਾ ਹੋਵੇਗਾ। 11x2=22 ਅੰਕ

ਸਹਾਇਕ ਪਾਠ ਸਮੱਗਰੀ


1. ਰਾਜਿੰਦਰਪਾਲ ਸਿੰਘ ਬਰਾੜ, ਬਲਦੇਵ ਸਿੰਘ ਚੀਮਾ, ਆਧੁਨਿਕ ਪੰਜਾਬੀ ਸਾਹਿਤ ਰੂਪਾਕਾਰ: ਸਿਧਾਂਤ ਅਤੇ ਰੂਪਾਂਤਰਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.
2. ਸਾਹਿਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.
3. ਪਰਮਿੰਦਰ ਸਿੰਘ ਤੇ ਕਿਰਪਾਲ ਸਿੰਘ ਕਸੇਲ, ਸਾਹਿਤ ਦੇ ਰੂਪ, ਲਹੌਰ ਬੁੱਕ ਸ਼ਾਪ, 1977.
4. ਟੀ. ਆਰ. ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.


Simarjeet